**ਪੰਜਾਬ ਸਕੂਲ ਸਿੱਖਿਆ ਬੋਰਡ**
**ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062**
**(ਕਾਰਜ਼ ਸੰਚਾਲਨ)**

**ਨੰ:ਪਸਸਬ-ਸ.ਸ-ਕਸ-2026/**...3492
**ਮਿਤੀ:** 10/03/26

ਵੱਲ:

1. ਸਮੂਹ ਐਕਸਟਰਨਲ ਪ੍ਰੀਖਿਅਕ
2. ਸਮੂਹ ਜਿਲ੍ਹਾ ਮੈਨੇਜਰ, ਖੇਤਰੀ ਦਫਤਰ
3. ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ)
4. ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ/ਮੁੱਖ ਅਧਿਆਪਕਾ,
   ਪੰਜਾਬ ਰਾਜ।

**ਬਾਰਵੀਂ ਪਰੀਖਿਆ ਫਰਵਰੀ/ਮਾਰਚ 2026 ਲਈ ਪ੍ਰਯੋਗੀ ਪਰੀਖਿਆਵਾਂ ਕਰਵਾਉਣ ਵਾਲੇ ਸਕੂਲਾਂ ਅਤੇ ਬਾਹਰੀ ਪਰੀਖਿਅਕਾਂ ਲਈ ਪਰੀਖਿਆਵਾਂ ਦੇ ਖਤਮ ਹੋਣ ਉਪਰੰਤ ਅਦਾਇਗੀ ਸਬੰਧੀ ।**

......................................................................................................................

1. ਬੋਰਡ ਦਫ਼ਤਰ ਵੱਲੋਂ ਬਾਰਵੀਂ ਸ਼੍ਰੇਣੀ ਦੇ ਕੁੱਲ 08 ਵਿਸ਼ਿਆਂ (**ਫ਼ਿਜੀਕਸ, ਕਮਿਸਟਰੀ, ਬਾਇਉਲੋਜੀ, ਅਕਾਊਟੈਂਸੀ-2, ਫੰਡਾਮੈਂਟਲਜ਼ ਆਫ ਈ ਬਿਜ਼ਨਸ ,ਹੋਮ ਸਾਇੰਸ, ਕੰਪਿਊਟਰ ਸਾਇੰਸ ਅਤੇ ਕੰਪਿਊਟਰ ਐਪਲੀਕੇਸ਼ਨ)** ਦੀ ਪ੍ਰਯੋਗੀ ਪਰੀਖਿਆ ਦੇ ਪ੍ਰਸ਼ਨ ਪੱਤਰ ਡਾਊਨਲੋਡ ਕਰਨ ਅਤੇ ਹੋਰ ਫੁਟਕਲ ਖਰਚ ਲਈ ਜਿਨ੍ਹਾਂ ਸਕੂਲਾਂ/ ਕੇਂਦਰਾਂ ਵਿੱਚ ਪਰੀਖਿਆਰਥੀਆਂ ਦੀ ਗਿਣਤੀ 250 ਜਾਂ ਉਸ ਤੋਂ ਘੱਟ ਹੈ, ਉਨ੍ਹਾਂ ਨੂੰ 300/-ਰੁ. (ਉੱਕਾ ਪੁੱਕਾ)) ਅਤੇ ਜਿਨ੍ਹਾਂ ਸਕੂਲਾਂ/ ਕੇਂਦਰਾਂ ਵਿੱਚ ਪਰੀਖਿਆਰਥੀਆਂ ਦੀ ਗਿਣਤੀ 250 ਤੋਂ ਵੱਧ ਹੈ, ਉਨ੍ਹਾਂ ਨੂੰ 500/-ਰੁ. (ਉੱਕਾ ਪੁੱਕਾ) ਰਾਸ਼ੀ (ਕਾਰਜ਼ ਬਾਅਦ) ਸਕੂਲਾਂ/ਪਰੀਖਿਆ ਕੇਂਦਰਾਂ ਦੇ ਪ੍ਰਿੰਸੀਪਲਾਂ ਦੇ ਖਾਤੇ ਵਿੱਚ ਪ੍ਰੀਖਿਆਰਥੀਆਂ ਦੀ ਗਿਣਤੀ ਅਨੁਸਾਰ ਜਾਰੀ ਕੀਤੀ ਜਾਵੇਗੀ। ਇਸ ਸਬੰਧੀ ਅਦਾਇਗੀ ਲਈ ਪ੍ਰੋਫ਼ਾਰਮਾ ਸਕੂਲ ਪੋਰਟਲ ਤੇ ਅਪਲੋਡ ਕਰ ਦਿੱਤਾ ਗਿਆ ਹੈ। ਸਕੂਲ ਮੁੱਖੀ /ਕੇਂਦਰ ਕੰਟਰੋਲਰ ਅਦਾਇਗੀ ਸਬੰਧੀ ਪ੍ਰੋਫ਼ਾਰਮੇ ਡਾਊਨ ਲੋਡ ਕਰਨਗੇ।ਇਸ ਅਦਾਇਗੀ ਸਬੰਧੀ ਪ੍ਰੋਫ਼ਾਰਮੇ ਅਤੇ ਸਕੂਲਾਂ ਵੱਲੋਂ ਖਰਚ ਕੀਤੀ ਰਾਸ਼ੀ ਦਾ ਵਰਤੋਂ ਸਰਟੀਫਿਕੇਟ ਵੀ ਸਾਫ ਸਾਫ ਭਰ ਕੇ ਪ੍ਰਯੋਗੀ ਪ੍ਰੀਖਿਆ ਵਾਲੇ ਸਕੂਲ ਮੁੱਖੀਆਂ ਵੱਲੋਂ ਇਸ ਪੱਤਰ/ਹਦਾਇਤ ਦੇ ਜਾਰੀ ਹੋਣ ਦੇ 15 ਦਿਨਾਂ ਦੇ ਅੰਦਰ-ਅੰਦਰ ਜਿਲ੍ਹਾ ਮੈਨੇਜਰ ਖੇਤਰੀ ਦਫਤਰ ਕੋਲ ਜਮ੍ਹਾਂ ਕਰਵਾਇਆ ਜਾਵੇਗਾ। **ਜਿਲ੍ਹਾ ਮੈਨੇਜਰ ਵੱਲੋਂ ਸਕੂਲਾਂ ਤੋਂ ਪ੍ਰਾਪਤ ਵਰਤੋਂ ਸਰਟੀਫਿਕੇਟ/ਪ੍ਰੋਫ਼ਾਰਮੇ ਅਨੁਸਾਰ ਰਾਸ਼ੀ ਦਾ ਲੇਖਾ ਮਿਲਾਨ/ਵੈਰੀਫਾਈ ਕਰਵਾਉਣ ਉਪਰੰਤ ਕੰਟੀਜੰਸੀ ਬਿੱਲ ਤਿਆਰ ਕਰਵਾ ਕੇ ਅਗਲੇ 15 ਦਿਨਾਂ ਦੇ ਅੰਦਰ -ਅੰਦਰ ਈ ਮਿਸਲ ਅਤੇ ਹਾਰਡ ਮਿਸਲ ਮੁੱਖ ਦਫਤਰ ਨੂੰ ਭੇਜਣਗੇ।**

2. ਬਾਰਵੀਂ ਸ਼੍ਰੇਣੀ ਦੇ ਕੰਪਿਊਟਰ ਸਾਇੰਸ ਵਿਸ਼ੇ ਲਈ Practical Examiner ਦੀਆਂ ਡਿਊਟੀਆਂ ਜਿਲ੍ਹਾ ਸਿੱਖਿਆ ਅਫ਼ਸ਼ਰ ਆਪਣੇ ਪੱਧਰ ਤੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਕੰਪਿਊਟਰ ਵਿਸ਼ੇ ਨਾਲ ਸਬੰਧਤ ਲੈਕਚਰਾਰ

Scanned with CamScanner

/ਅਧਿਆਪਕਾਂ ਨੂੰ ਇੰਟਰਚੇਂਜ ਕਰਦੇ ਹੋਏ ਦੂਸਰੇ ਸਕੂਲਾਂ ਵਿੱਚ ਲਗਾਈਆਂ ਗਈਆਂ ਹਨ। ਇਸ ਲਈ ਕੇਵਲ ਬਾਰਵੀਂ ਸ਼੍ਰੇਣੀ ਦੀਆਂ ਸਾਲਾਨਾ ਪ੍ਰਯੋਗੀ ਪ੍ਰੀਖਿਆਵਾਂ ਦੌਰਾਨ **ਮੁੱਖ ਦਫਤਰ ਵੱਲੋਂ ਲਗਾਏ ਗਏ ਨਿਗਰਾਨ ਅਮਲੇ** ਨੂੰ ਹੀ ਦਫਤਰੀ ਨਿਯਮਾਂ ਅਨੁਸਾਰ ਬਣਦੇ ਮਿਹਨਤਾਨੇ ਦੀ ਅਦਾਇਗੀ ਕੀਤੀ ਜਾਵੇਗੀ।

3. ਬੋਰਡ ਦਫ਼ਤਰ ਵੱਲੋਂ ਬਾਰਵੀਂ ਸ੍ਰੇਣੀ ਦੇ ਕੁੱਲ 07 ਵਿਸ਼ਿਆਂ **(ਫ਼ਿਜੀਕਸ, ਕਮਿਸਟਰੀ, ਬਾਇਉਲੋਜੀ, ਅਕਾਉਟੈਂਸੀ-2, ਫੰਡਾਮੈਂਟਲਜ਼ ਆਫ ਈ ਬਿਜ਼ਨਸ ,ਹੋਮ ਸਾਇੰਸ ਅਤੇ ਕੰਪਿਉਟਰ ਐਪਲੀਕੇਸ਼ਨ** ) ਦੀ ਪ੍ਰਯੋਗੀ ਪਰੀਖਿਆ ਲਈ ਨਿਯੁਕਤ ਬਾਹਰੀ ਪਰੀਖਿਅਕਾਂ ਨੂੰ ਵੀ 7/-ਰੁਪਏ ਪ੍ਰਤੀ ਪਰੀਖਿਆਰਥੀ ਮਿਹਨਤਾਨੇ ਦੀ ਅਦਾਇਗੀ ਕੀਤੀ ਜਾਣੀ ਹੈ। ਜਿਸ ਸਬੰਧੀ ਉਹ ਸਕੂਲ ਪੋਰਟਲ ਤੇ ਅਪਲੋਡ ਪ੍ਰੋਫਾਰਮੇ ਨੂੰ ਡਾਊਨਲੋਡ ਕਰਨ ਉਪਰੰਤ ਇਸ ਵਿੱਚ ਆਪਣੀ ਪੂਰੀ ਡਿਟੇਲ ਭਰਨਗੇ ਅਤੇ ਤੁਰੰਤ ਆਪਣੇ ਡਿਊਟੀ ਵਾਲੇ ਸਕੂਲ ਮੁੱਖੀ /ਕੇਂਦਰ ਕੰਟਰੋਲਰ ਨੂੰ ਸੌਂਪਣਗੇ ਇਸ ਉਪਰੰਤ ਕੇਂਦਰ ਕੰਟਰੋਲਰ ਪ੍ਰੀਖਿਅਕਾਂ ਵੱਲੋਂ ਪ੍ਰਾਪਤ ਬਿੱਲਾਂ ਨੂੰ ਵੈਰੀਫਾਈ ਕਰਨਗੇ ਅਤੇ ਵੈਰੀਫਾਈ ਕੀਤੇ ਬਿੱਲਾਂ ਨੂੰ ਇਸ ਪੱਤਰ/ਹਦਾਇਤ ਦੇ ਜਾਰੀ ਹੋਣ 15 ਦਿਨਾਂ ਤੇ ਅੰਦਰ-ਅੰਦਰ ਇਕਮੁਸ਼ਤ ਜਿਲ੍ਹਾ ਮੈਨੇਜਰ, ਖੇਤਰੀ ਦਫਤਰ ਪਾਸ ਜਮ੍ਹਾਂ ਕਰਵਾਉਣਗੇ। ਇਸ ਉਪਰੰਤ ਜਿਲ੍ਹਾ ਮੈਨੇਜਰ ਇਹਨਾਂ ਇੱਕਮੁਸ਼ਤ ਬਿੱਲਾਂ /ਰਾਸ਼ੀ ਨੂੰ ਵੈਰੀਫਾਈ ਕਰਨ ਅਤੇ ਕੰਟੀਜੰਸੀ ਬਿੱਲ ਤਿਆਰ ਕਰਵਾ ਕੇ ਅਗਲੇ 15 ਦਿਨਾਂ ਦੇ ਅੰਦਰ -ਅੰਦਰ ਈ ਮਿਸਲ ਅਤੇ ਹਾਰਡ ਮਿਸਲ ਮੁੱਖ ਦਫਤਰ ਨੂੰ ਭੇਜਣਗੇ।

4. ਪ੍ਰਯੋਗੀ ਪ੍ਰੀਖਿਆ ਦੇ ਸਕੂਲਾਂ/ ਕੇਂਦਰਾਂ ਦੀ ਸੂਚੀ ਜਿਲ੍ਹਾ ਮੈਨੇਜਰ ਦੀ ਸੂਚਨਾ/ਅਗਲੇਰੀ ਕਾਰਵਾਈ ਹਿਤ ਕੰਡਕਟ ਸ਼ਾਖਾ ਦੇ ਜਿਲ੍ਹਾ ਡੀਲਿੰਗਜ਼ ਸਹਾਇਕਾਂ /ਕਲਰਕਾਂ ਵੱਲੋਂ ਈ-ਮੇਲ/ਵਟਸ-ਐਪ ਤੇ ਸ਼ਾਝੀ ਕਰ ਦਿੱਤੀ ਜਾਵੇਗੀ।

5. ਜਿਹਨਾਂ ਪ੍ਰਯੋਗੀ ਪ੍ਰੀਖਿਆ ਕੇਂਦਰਾਂ ਦੇ ਕੇਂਦਰ ਕੰਟਰੋਲਰਾਂ ਅਤੇ External Practical Examiner ਵੱਲੋਂ ਨਿਸ਼ਚਿਤ ਸਮੇਂ ਦੇ ਅੰਦਰ-ਅੰਦਰ ਬੈਂਕ ਡੀਟੇਲ ਅਤੇ ਹੋਰ ਸੂਚਨਾਂ ਦਰਜ ਕਰਕੇ ਜਿਲ੍ਹਾ ਮੈਨੇਜਰ, ਖੇਤਰੀ ਦਫਤਰ ਰਾਹੀਂ ਮੁੱਖ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਨਹੀਂ ਭੇਜੀ ਜਾਵੇਗੀ, ਉਹਨਾਂ ਸਕੂਲ ਮੁੱਖੀਆਂ/ External Practical Examiner ਦਾ ਕੇਸ ਬਣਦੀ ਅਦਾਇਗੀ ਲਈ ਵਿਚਾਰਿਆ ਨਹੀਂ ਜਾਵੇਗਾ।

10/3/20

ਸਹਾਇਕ ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ

Scanned with CamScanner

## ਪੰਜਾਬ ਸਕੂਲ ਸਿੱਖਿਆ ਬੋਰਡ

ਬੋਰਡ ਦਫ਼ਤਰ ਵੱਲੋਂ ਬਾਰਵੀਂ ਪ੍ਰੀਖਿਆ ਫਰਵਰੀ 2026 ਲਈ ਕੁੱਲ 08 ਵਿਸ਼ਿਆਂ (ਫ਼ਿਜੀਕਸ, ਕਮਿਸਟਰੀ, ਬਾਇਉਲੋਜੀ, ਅਕਾਊਟੈਂਸੀ-2, ਫੰਡਾਮੈਂਟਲਜ਼ ਆਫ ਈ ਬਿਜ਼ਨਸ ,ਹੋਮ ਸਾਇੰਸ , ਕੰਪਿਊਟਰ ਸਾਇੰਸ ਅਤੇ ਕੰਪਿਊਟਰ ਐਪਲੀਕੇਸ਼ਨ) ਦੀ ਪ੍ਰਯੋਗੀ ਪਰੀਖਿਆ ਲਈ ਕੇਂਦਰ ਕੰਟਰੋਲਰਜ਼ ਵੱਲੋਂ ਆਨਲਾਈਨ ਪ੍ਰਸ਼ਨ ਪੱਤਰ ਡਾਊਨਲੋਡ ਕਰਨ ਹੋਰ ਫੁੱਟਕਲ ਖਰਚ /ਦੀ ਕਾਰਜ਼ ਬਾਅਦ ਅਦਾਇਗੀ ਸਬੰਧੀ ਪ੍ਰੋਫਾਰਮਾਂ:-

| ਲੜੀ ਨੰ: | ਸਕੂਲ ਦਾ ਨਾਮ/ ਸਕੂਲ ਕੋਡ/ਸੈਂਟਰ ਕੋਡ | ਫੋਨ ਨੰਬਰ / ਮੋਬਾਇਲ ਨੰ: | ਈਮੇਲ ਆਈ-ਡੀ | ਬੈਂਕ ਦਾ ਨਾਂ/ਸ਼ਾਖਾ | ਬੈਕ ਅਕਾਊਟ ਨੰਬਰ | IFSC CODE | ਉਕਤ 08 ਵਿਸ਼ਿਆਂ ਦੇ ਪ੍ਰੈਕਟੀਕਲ ਵਾਲੇ ਪ੍ਰੀਖਿਆਰਥੀਆਂ ਦੀ ਕੁੱਲ ਗਿਣਤੀ |
|---|---|---|---|---|---|---|---|
| | | | | | | | |

ਨੋਟ :1. ਸਬੰਧਤ ਸਕੂਲ ਮੁੱਖੀ ਵੱਲੋਂ ਅਦਾਇਗੀ ਸਬੰਧੀ ਕੈਂਸਲ ਚੈਕ ਦੀ ਕਾਪੀ ਵੀ ਨੱਥੀ ਕੀਤੀ ਜਾਵੇ ਜੀ।

2. ਵਰਤੋਂ ਸਰਟੀਫਿਕੇਟ ਵੀ ਨੱਥੀ ਕੀਤਾ ਜਾਵੇ ਜੀ।

(ਕੇਂਦਰ ਕੰਟਰੋਲਰ ਦੇ ਹਸਤਾਖਰ/ਮੋਹਰ)

ਸਕੂਲ ਕੋਡ.........

ਮੋਬਾਇਲ ਨੰ:.........

ਜਿਲ੍ਹਾ ਮੈਨੇਜਰ ਦੇ ਹਸਤਾਖਰ/ਮੋਹਰ

Scanned with CamScanner

### ਪੰਜਾਬ ਸਕੂਲ ਸਿੱਖਿਆ ਬੋਰਡ

ਬਾਰਵੀਂ ਸ੍ਰੇਣੀ ਫਰਵਰੀ 2026 ਦੀਆਂ ਬੋਰਡ ਪ੍ਰੀਖਿਆਵਾਂ ਦੇ ਕੁੱਲ 07 ਵਿਸ਼ਿਆਂ (ਫ਼ਿਜੀਕਸ, ਕਮਿਸਟਰੀ, ਬਾਇਉਲੋਜੀ, ਅਕਾਊਟੈਂਸੀ-2, ਫੰਡਾਮੈਂਟਲਜ਼ ਆਫ ਈ ਬਿਜ਼ਨਸ ,ਹੋਮ ਸਾਇੰਸ ਅਤੇ ਕੰਪਿਊਟਰ ਐਪਲੀਕੇਸ਼ਨ) ਦੀਆਂ ਪ੍ਰਯੋਗੀ ਪਰੀਖਿਆਵਾਂ ਲਈ ਐਕਸਟਰਨਲ ਪ੍ਰੀਖਿਅਕਾਂ ਨੂੰ ਮਿਹਨਤਾਨੇ ਦੀ ਅਦਾਇਗੀ ਲਈ ਪ੍ਰੋਫਾਰਮਾਂ:-

| ਲੜੀ ਨੰ: | ਪ੍ਰੀਖਿਅਕ ਦਾਂ ਨਾਂ /ਅਹੁਦਾ/ਮੋਬਾਇਲ ਨੰ: | ਸਕੂਲ ਕੋਡ/ਸੈਂਟਰ ਕੋਡ | ਈਮੇਲ ਆਈ-ਡੀ | ਬੈਂਕ ਦਾ ਨਾਂ/ਸ਼ਾਖਾ | ਬੈਕ ਅਕਾਊਟ ਨੰਬਰ | IFSC CODE |
|---|---|---|---|---|---|---|
| 1 | | | | | | |
| 2 | | | | | | |
| 3 | | | | | | |

1. ਪ੍ਰਯੋਗੀ ਵਿਸ਼ਾ/ਮਿਤੀ (ਜਿਸ ਦੀ ਡਿਊਟੀ ਨਿਭਾਈ): ____________________

2. ਪ੍ਰੀਖਿਆਰਥੀਆਂ ਦੀ ਗਿਣਤੀ: ____________________

3. ਅਦਾਇਗੀ ਯੋਗ ਰਾਸ਼ੀ: ਵਿਦਿਆਰਥੀਆਂ ਦੀ ਗਿਣਤੀ x 07 ਰੁ:/- (ਪ੍ਰਤੀ ਪ੍ਰੀਖਿਆਰਥੀ) ਦੇ ਹਿਸਾਬ ਨਾਲ ਰਕਮ ::____________________ (ਅਦਾਇਗੀ ਯੋਗ ਕੁੱਲ ਰਕਮ)

ਅੱਖਰਾਂ ਵਿੱਚ ਕੁੱਲ ਰਾਸ਼ੀ ____________ ਸ਼ਬਦਾਂ ਵਿੱਚ ਕੁੱਲ ਰਾਸ਼ੀ____________________

(ਕੇਂਦਰ ਕੰਟਰੋਲਰ ਦੇ ਹਸਤਾਖਰ/ਮੋਬਾਇਲ ਨੰ:)

( ਪ੍ਰੀਖਿਅਕ ਦੇ ਪੂਰੇ ਹਸਤਾਖਰ)
ਸਕੂਲ ਕੋਡ/ਸੈਂਟਰ ਕੋਡ__________
ਮੋਬਾਇਲ ਨੰ:__________

ਜਿਲ੍ਹਾ ਮੇਨੇਜਰ ਦੇ ਹਸਤਾਖਰ/ਮੋਹਰ

ਲੇਖਾ ਸ਼ਾਖਾ ਦੀ ਕਾਰਵਾਈ

ਆਡਿਟ ਸ਼ਾਖਾ ਦੀ ਕਾਰਵਾਈ ਲਈ

Scanned with CamScanner

## ਵਰਤੋਂ ਸਰਟੀਫਿਕੇਟ

ਬੋਰਡ ਦਫ਼ਤਰ ਵੱਲੋਂ ਬਾਰਵੀਂ ਪ੍ਰੀਖਿਆ ਫਰਵਰੀ 2026 ਲਈ ਕੁੱਲ 08 ਵਿਸ਼ਿਆਂ (ਫ਼ਿਜ਼ੀਕਸ, ਕਮਿਸਟਰੀ, ਬਾਇਉਲੋਜੀ, ਅਕਾਊਂਟੈਂਸੀ-2, ਫੰਡਾਮੈਂਟਲਜ਼ ਆਫ ਈ ਬਿਜ਼ਨਸ ,ਹੋਮ ਸਾਇੰਸ , ਕੰਪਿਊਟਰ ਸਾਇੰਸ ਅਤੇ ਕੰਪਿਊਟਰ ਐਪਲੀਕੇਸ਼ਨ) ਦੀ ਪ੍ਰਯੋਗੀ ਪਰੀਖਿਆ ਦੇ ਪ੍ਰਸ਼ਨ ਪੱਤਰ ਡਾਊਨਲੋਡ ਕਰਨ, ਹੋਰ ਫੁੱਟਕਲ ਖਰਚ ਲਈ / ਪ੍ਰੀਖਿਆਰਥੀਆਂ ਦੀ ਕੁੱਲ ਗਿਣਤੀ ..............ਅਨੁਸਾਰ ...................ਰ:/- ਦੀ ਰਾਸ਼ੀ ਨਿਮਨਹਸਤਾਖਰੀ ਵੱਲੋਂ ਆਪਣੀ ਜੇਬ ਵਿਚੋਂ ਖਰਚ ਕੀਤੀ ਗਈ ਹੈ।

(ਕੇਂਦਰ ਕੰਟਰੋਲਰ ਦੇ ਹਸਤਾਖਰ /ਮੋਹਰ)

ਸਕੂਲ ਕੋਡ/ਸੈਂਟਰ ਕੋਡ__________.

ਮੋਬਾਇਲ ਨੰ:_________..

ਜਿਲ੍ਹਾ ਮੈਨੇਜਰ ਦੇ ਹਸਤਾਖਰ ਅਤੇ ਮੋਹਰ

Scanned with CamScanner